ਦਫਤਰ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ
(ਅਮਲਾ-4 ਸ਼ਾਖਾ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਐਸਿ)
ਪੰਜਾਬ।

ਮੀਮੋ ਨੰ:19/23-16ਅ4(5)
ਮਿਤੀ:22.09.2017

ਵਿਸ਼ਾ: ਜੇ.ਬੀ.ਟੀ./ਈ.ਟੀ.ਟੀ. ਕਾਡਰ ਤੋਂ ਮਾਸਟਰ ਕਾਡਰ ਵਿੱਚ ਤਰੱਕੀ ਨਾਲ ਸਬੰਧਤ ਇੰਟਰਸੇ ਸੀਨੀਆਰਟੀ ਸਬੰਧੀ।

ਹਵਾਲਾ: ਇਸ ਦਫਤਰ ਦੇ ਮੀਮੋ ਨੰ: 19/23-16ਅ4(5) ਮਿਤੀ 28.08.2017 ਅਤੇ ਦਫਤਰ ਡੀ.ਪੀ.ਆਈ(ਐਸਿ) ਪੰਜਾਬ ਜੀ ਦੇ ਮੀਮੋ ਨੰ: 24/13-2017ਅ1(3) ਮਿਤੀ 22.09.2017 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਦਫਤਰ ਦੇ ਹਵਾਲਾ ਮਿਤੀ 28.08.2017 ਅਨੁਸਾਰ ਜੇ.ਬੀ.ਟੀ./ਈ.ਟੀ.ਟੀ. ਕਾਡਰ ਤੋਂ ਮਾਸਟਰ ਕਾਡਰ ਵਿੱਚ ਤਰੱਕੀਆਂ ਲਈ ਮਿਤੀ 28.08.2017 ਨੂੰ ਇੰਟਰਸੇ ਸੀਨੀਆਰਤਾ ਸੂਚੀ ਇਤਰਾਜਾਂ ਸਮੇਤ ਵਿਭਾਗੀ ਵੇਬ ਸਾਈਟ ਤੇ ਲੋਡ ਕੀਤੀ ਗਈ ਸੀ ਅਤੇ ਇਸ ਸਬੰਧ ਵਿੱਚ ਸਮੂਹ ਜਿਲ੍ਹਾ ਸਿੱਖਿਆ ਅਫਸਰ(ਐਸਿ) ਨੂੰ ਇਤਰਾਜਾਂ ਦੀ ਪੂਰਤੀ ਕਰਨ ਬਾਰੇ ਮਿਤੀ 31.08.2017 ਤੱਕ ਲਿਖਿਆ ਗਿਆ ਸੀ।

2 ਉਪਰੋਕਤ ਇੰਟਰਸੇ ਸੀਨੀਆਰਤਾ ਸੂਚੀ ਤੇ ਬਹੁਤ ਸਾਰੇ ਸਬੰਧਤ ਅਧਿਆਪਕਾਂ ਵੱਲੋਂ ਆਪਣੇ ਦਫਤਰ ਜਿਲ੍ਹਾ ਸਿੱਖਿਆ ਅਫਸਰ (ਐਸਿ) ਰਾਹੀਂ ਮੈਰਿਟ, ਨਿਯੁਕਤੀ ਦੀ ਮਿਤੀ, ਨਾਮ ਇੰਟਰਸੇ ਵਿੱਚ ਦਰਜ ਨਾ ਹੋਣ ਸਬੰਧੀ ਅਤੇ ਹੋਰ ਇਤਰਾਜ ਭੇਜੇ ਗਏ ਸਨ। ਜਿਸ ਸਬੰਧੀ ਹਵਾਲਾ ਮਿਤੀ 22.09.2017 ਅਨੁਸਾਰ ਦਫਤਰ ਡੀ.ਪੀ.ਆਈ.(ਐਸਿ) ਪੰਜਾਬ ਵੱਲੋਂ ਉਪਰੋਕਤ ਇੰਟਰਸੇ ਸੀਨੀਆਰਤਾ ਸੂਚੀ ਵਿੱਚ ਲੋੜੀਂਦੀ ਸੋਧ ਕਰ ਦਿੱਤੀ ਗਈ ਹੈ।

3. ਹੁਣ ਇਸ ਦਫਤਰ ਵੱਲੋਂ ਵਿਭਾਗ ਦੀ ਵੈਬ ਸਾਈਟ ਤੇ ਨੱਥੀ ਲਿਸਟ ਅਨੁਸਾਰ ਦੁਬਾਰਾ ਅੱਪਲੋਡ ਕੀਤੀ ਸੋਧੀ ਹੋਈ ਇਸ ਇੰਟਰਸੇ ਸੀਨੀਆਰਤਾ ਸੂਚੀ ਵਿੱਚ ਅਧਿਆਪਕਾਂ ਦੇ ਵੇਰਵੇ ਰਿਕਾਰਡ ਚੈੱਕ ਕਰ ਲਏ ਜਾਣ ਅਤੇ ਇਹ ਸੁਨਿਸ਼ਚਿੱਤ ਕੀਤਾ ਜਾਵੇ ਕਿ ਇਹ ਬਿਲਕੁਲ ਠੀਕ ਹਨ। ਜੇਕਰ ਕਿਸੇ ਵੀ ਸਬੰਧਤ ਕਰਮਚਾਰੀ/ਦਫਤਰ ਜਿਲ੍ਹਾ ਸਿੱਖਿਆ ਅਫਸਰ(ਐਸਿ) ਦਾ ਇੰਟਰਸੇ ਸੀਨੀਆਰਤਾ ਸੂਚੀ ਸਬੰਧੀ ਕੋਈ ਇਤਰਾਜ ਹੈ ਤਾਂ ਤੁਰੰਤ (ਮਿਤੀ 25-9-2017 ਤਕ) ਡੀ.ਪੀ.ਆਈ(ਐਸਿ) ਪੰਜਾਬ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇ।

4. ਇਸ ਸੋਧੀ ਹੋਈ ਇੰਟਰਸੇ ਸੀਨੀਆਰਤਾ ਸੂਚੀ ਵਿੱਚ ਹੋਈਆਂ ਤਬਦੀਲੀਆਂ ਦੇ ਅਧਾਰ ਤੇ ਵਿਸ਼ੇਸ਼ ਕਥਨ ਵਿੱਚ ਦਰਸਾਏ ਗਏ ਇਤਰਾਜ ਇਸ ਦਫਤਰ ਨੂੰ ਮਿਤੀ 26.09.2017 ਤੱਕ ਹਰ ਹਾਲਤ ਵਿੱਚ ਸਬਧੰਤ ਜਿਲ੍ਹਾ ਸਿੱਖਿਆ ਅਫਸਰ(ਐਸਿ) ਰਾਹੀਂ ਭੇਜਣਾ ਯਕੀਨੀ ਬਣਾਉਣਗੇ। ਸਮੂਹ ਜਿਲ੍ਹਾ ਸਿੱਖਿਆ ਅਫਸਰ(ਐਸਿ) ਹਾਰਡ ਕਾਪੀ ਉਪਰ ਅਤੇ ਅਲੱਗ ਤੋਰ ਤੇ ਇਹ ਸਰਟੀਫਿਕੇਟ ਵੀ ਦੇਣਗੇ ਕਿ ਸੋਧੀ ਹੋਈ ਇੰਟਰਸੇ ਸੀਨੀਆਰਤਾ ਸੂਚੀ ਵਿੱਚ ਦਰਸਾਏ ਗਏ ਅਧਿਆਪਕਾਂ ਦੇ ਵੇਰਵੇ ਰਿਕਾਰਡ ਅਨੁਸਾਰ ਸਹੀ ਅਤੇ ਦੁਰਸਤ ਹਨ ਅਤੇ ਸਾਰੇ ਇਤਰਾਜਾਂ ਦੀ ਪੂਰਤੀ ਕਰ ਦਿੱਤੀ ਗਈ ਹੈ ਅਤੇ ਜਿਲੇ ਦੇ ਤਰੱਕੀ ਯੋਗ ਸਾਰੇ ਅਧਿਆਪਕਾਂ ਦੇ ਕੇਸ ਉਪਰੋਕਤ ਇੰਟਰਸੇ ਵਿੱਚ ਸ਼ਾਮਿਲ ਕਰ ਲਏ ਗਏ ਹਨ। ਜੇਕਰ ਇਸ ਵਿੱਚ ਬਾਅਦ ਵਿੱਚ ਕੋਈ ਉਣਤਾਈ ਪਾਈ ਜਾਂਦੀ ਹੈ ਤਾਂ ਇਸ ਦੀ ਜਿੰਮੇਵਾਰੀ ਆਪ ਦੀ ਹੋਵੇਗੀ।

ਨੱਥੀ (ਕੁਲ ਪੰਨੇ) 310

ਸਡ (ਸਪੂ)
ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ)ਪੰਜਾਬ

ਪਿੱਠ ਅੰਕਣ ਨੰ:ਉਕਤ ਮਿਤੀ 22.09.2017

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ, ਪੰਜਾਬ ਸਰਕਾਰ, ਚੰਡੀਗੜ੍ਹ।
2. ਡਾਇਰੈਕਟਰ ਸਿੱਖਿਆ ਵਿਭਾਗ(ਐਸਿ)ਪੰਜਾਬ।

ਸਡ (ਸ.ਪੂ)
ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ)ਪੰਜਾਬ

Scanned by CamScanner